# ਕੈਂਸਰ ਦੇ ਮੁਢੱਲੇ ਲੱਛਣ

## ਮੂੰਹ ਦਾ ਕੈਂਸਰ



ਤੁਹਾਡੇ ਮੂੰਹ ਵਿੱਚ ਛਾਲਾ ਜੋ ਠੀਕ ਨਹੀਂ ਹੁੰਦਾ।ਜੀਭ, ਮੂੰਹ ਜਾਂ ਗਲੇ ਦਾ ਦੁਖਣਾ ਜੋ ਠੀਕ ਨਹੀਂ ਹੁੰਦਾ। ਤੁਹਾਡੇ ਮੂੰਹ ਜਾਂ ਗਰਦਨ ਵਿੱਚ ਸੋਜਿਸ਼ ਜਾਂ ਗੰਢ ਹੋਣੀ।ਬਗੈਰ ਕਿਸੇ ਕਾਰਨ ਤੋਂ ਇੱਕ ਜਾਂ ਵੱਧ ਦੰਦਾਂ ਦਾ ਹਿੱਲਣਾ।

## ਖਾਣੇ ਵਾਲੀ ਨਾਲੀ ਦਾ ਕੈਂਸਰ



ਰੋਟੀ ਖਾਂਦੇ ਸਮੇਂ ਗਲੇ ਵਿੱਚ ਬੁਰਕੀ ਦਾ ਲੱਗਣਾ ਜਾਂ ਇਸ ਤਰ੍ਹਾਂ ਮਹਿਸੂਸ ਹੋਣਾ ਕਿ ਗਲੇ ਵਿੱਚ ਕੁਝ ਫਸ ਕੇ ਲੰਘਦਾ ਹੈ। ਉਲਟੀ ਰਾਂਹੀ ਖ਼ੂਨ ਦਾ ਆਉਣਾ।

## ਔਰਤਾਂ ਦੀ ਛਾਤੀ ਦਾ ਕੈਂਸਰ



ਔਰਤ ਦੀ ਛਾਤੀ ਵਿੱਚ ਗੰਢ ਹੋਣਾ।ਛਾਤੀ ਵਿੱਚ ਸੋਜ ਹੋਣਾ।ਇੱਕ ਪਾਸਾ ਵੱਡਾ ਜਾਂ ਛੋਟਾ ਹੋਣਾ। ਨਿੱਪਲ ਵਿੱਚੋ ਰੇਸ਼ਾ ਵਗਣਾ। ਨਿੱਪਲ ਦਾ ਅੰਦਰ ਨੂੰ ਧਸ ਜਾਣਾ।

## ਆਂਤੜੀਆਂ ਦਾ ਕੈਂਸਰ




ਪਖਾਨੇ ਦੋਰਾਨ ਖ਼ੂਨ ਦਾ ਆਉਣਾ। ਪੇਟ ਵਿੱਚ ਸੋਜ ਜਾਂ ਅਫਾਰ ਦਾ ਰਹਿਣਾ। ਪੇਟ ਵਿੱਚ ਲਗਾਤਾਰ ਦਰਦ ਦਾ ਰਹਿਣਾ।

## ਬੱਚੇਦਾਨੀ ਦੇ ਮੂੰਹ ਦਾ ਕੈਂਸਰ




ਗਰਭ ਕੋਸ (ਯੋਨੀ) ਵਿੱਚੋਂ ਲਗਾਤਾਰ ਖ਼ੂਨ ਆਉਣਾ। ਸੰਭੋਗ ਦੋਰਾਨ ਖ਼ੂਨ ਆਉਣਾ ਜਾਂ ਦਰਦ ਰਹਿਣਾ, ਗਰਭ ਕੋਸ (ਯੋਨੀ) ਵਿੱਚ ਰਿਸਾਵ ਦਾ ਵਧਣਾ ਜਾਂ ਲਗਾਤਾਰ ਦਰਦ ਦਾ ਬਣੇ ਰਹਿਣਾ।

## ਬੱਚੇਦਾਨੀ ਦਾ ਕੈਂਸਰ



ਪੇਟ ਵਿੱਚ ਅਫਾਰਾ ਮਹਿਸੂਸ ਕਰਨਾ (ਫੁੱਲਿਆ ਹੋਇਆ ਪੇਟ)। ਪੇਟ ਜਲਦੀ ਭਰਿਆ ਮਜਿਸੂਸ ਕਰਨਾ ਜਾਂ ਜਿਆਦਾ ਖਾਣ ਦੀ ਇੱਛਾ ਨਾ ਹੋਣੀ।ਤੁਹਾਡੇ ਪੇਟ ਦੇ ਹੇਠਲੇ ਹਿੱਸੇ ਜਾਂ ਪਿੱਠ ਵਿੱਚ ਦਰਦ ਹੋਣੀ। ਆਮ ਨਾਲੋਂ ਵੱਧ ਵਾਰ ਜਾਂ ਜਿਆਦਾ ਜੋਰ ਨਾਲ ਪਿਸ਼ਾਬ ਕਰਨ ਜਾਣ ਦੀ ਲੋੜ ਪੈਣੀ।

## ਗਦੂਦਾਂ ਦਾ ਕੈਂਸਰ



ਪਿਸ਼ਾਬ ਸ਼ੁਰੂ ਕਰਨ ਵਿੱਚ ਦਿੱਕਤ ਹੋਣੀ। ਪਿਸ਼ਾਬ ਦੀ ਹਲਕੀ ਜਿਹੀ ਧਾਰ ਬਣਨੀ।ਜੋਰ ਪੈਣ ਕਰਕੇ ਛੇਤੀ ਪਿਸ਼ਾਬ ਕਰਨ ਦੀ ਲੋੜ ਪੈਣੀ, ਅਕਸਰ ਪਿਸ਼ਾਬ ਕਰਨ ਦੀ ਲੋੜ ਪੈਣੀ, ਖਾਸ ਤੌਰ ਤੇ ਰਾਤ ਦੇ ਸਮੇਂ। ਗਦੂਦਾਂ ਦਾ ਸਾਇਜ ਵਧਣਾ।

## ਸਿਰ ਦਾ ਕੈਂਸਰ



ਸਿਰ ਵਿੱਚ ਲਗਾਤਾਰ ਦਰਦ ਰਹਿਣਾ। ਜਿਆਦਾ ਗਲਾ ਫੁੱਲਣਾ। ਸਿਰ ਭਾਰਾ ਰਹਿਣਾ।

ਜ਼ਰੂਰੀ ਨਹੀਂ ਕਿ ਉੱਪਰ ਦਿੱਤੇ ਲੱਛਣਾਂ ਵਿੱਚੋ ਅਗਰ ਕੋਈ ਲੱਛਣ ਮੇਲ ਖਾਵੇ ਤਾਂ ਕੈਂਸਰ ਹੀ ਹੋਵੇ।ਡਾਕਟਰੀ ਜਾਂਚ ਜ਼ਰੂਰੀ ਹੈ।

## ਕੈਂਸਰ ਕੀ ਹੈ?

ਸਰੀਰ ਦੇ ਅੰਗ ਅਤੇ ਟਿਸ਼ੂ ਛੋਟੇ ਛੋਟੇ ਮੂਲਭੂਤ ਅੰਗਾਂ ਤੋਂ ਬਣੇ ਹੁੰਦੇ ਹਨ ਜਿੰਨਾਂ ਨੂੰ ਸੈੱਲ (ਕੋਸ਼ਾਣੂ) ਕਿਹਾ ਜਾਂਦਾ ਹੈ ਕੈਂਸਰ ਇੰਨਾਂ ਸੈੱਲਾਂ ਦੀ ਬਿਮਾਰੀ ਹੈ। ਸਰੀਰ ਦੇ ਹਰੇਕ ਹਿੱਸੇ ਵਿੱਚ ਵੱਖੋ-ਵੱਖਰੇ ਸੈੱਲ ਹੁੰਦੇ ਹਨ ਅਤੇ ਜਿਆਦਾਤਰ ਸੈੱਲ ਇਕ ਤਰਾਂ ਨਾਲ ਆਪਣੀ ਮੁਰੰਮਤ ਆਪ ਕਰ ਲੈਂਦੇ ਹਨ ਅਤੇ ਆਪਣੇ ਆਪ ਨੂੰ ਬਣਾ ਲੈਂਦੇ ਹਨ।ਪਰ ਅਗਰ ਇਹ ਪ੍ਰੀਕਿਰਿਆ ਕਾਬੂ ਤੋਂ ਬਾਹਰ ਹੋ ਜਾਵੇ ਤਾਂ ਸੈੱਲ ਤੇਜੀ ਨਾਲ ਵਧਣਾ ਸ਼ੁਰੂ ਕਰ ਦਿੰਦੇ ਹਨ ਅਤੇ ਇੱਕ ਗੰਢ ਵਿੱਚ ਬਦਲ ਕੇ ਮਾਸ / ਟਿਊਮਰ ਦਾ ਰੂਪ ਧਾਰਨ ਕਰ ਲੈਂਦੇ ਹਨ।

ਪਰ ਸਾਰੇ ਟਿਊਮਰ ਕੈਂਸਰ ਨਹੀਂ ਹੁੰਦੇ। ਡਾਕਟਰ ਇਸ ਟਿਊਮਰ ਵਿੱਚੋਂ ਮਾਸ ਦਾ ਪੀਸ ਲੈ ਕੇ ਇਸ ਦੀ ਜਾਂਚ ਕਰਦੇ ਹਨ ਇਸ ਪ੍ਰੀਕਿਰਿਆ ਨੂੰ ਬਾਇਪਸੀ ਕਿਹਾ ਜਾਂਦਾ ਹੈ।ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕੈਂਸਰ ਬਣ ਚੁੱਕਾ ਹੈ ਜਾਂ ਨਹੀਂ।ਜੇ ਕੈਂਸਰ ਬਣ ਚੁੱਕਾ ਹੈ ਤਾਂ ਇਸ ਨੂੰ ਮਲਿਗਨੈਂਟ ਟਿਊਮਰ ਕਿਹਾ ਜਾਂਦਾ ਹੈ।ਜੋ ਸਰੀਰ ਦੇ ਨੇੜਲੇ ਅੰਗ ਤੱਕ ਪਹੁੰਚ ਕੇ ਸਾਰੇ ਸਰੀਰ ਵਿੱਚ ਕੈਂਸਰ ਫੈਲਾ ਦਿੰਦਾ ਹੈ। ਜਿਸ ਨੂੰ ਮੈਟਾਸਟੈਸਿਜ ਕਿਹਾ ਜਾਂਦਾ ਹੈ।ਅਗਰ ਕੈਂਸਰ ਨਹੀਂ ਹੈ ਤਾਂ ਇਸ ਨੂੰ ਬਿਨਾਇਨ ਟਿਊਮਰ ਕਿਹਾ ਜਾਂਦਾ ਹੈ।ਇਹ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਫੈਲਦਾ। ਪਰ ਬਿਨਾਇਨ ਟਿਊਮਰ ਦੀ ਸਾਨੂੰ ਸਮੇਂ-ਸਮੇਂ ਸਿਰ ਡਾਕਟਰੀ ਜਾਂਚ ਜਰੂਰ ਕਰਾਉਣੀ ਚਾਹੀਦੀ ਹੈ। ਕੈਂਸਰ ਦੇ ਲੱਛਣ ਤੋਂ ਜਾਣੂ ਹੋ ਕੇ ਅਸੀਂ ਕੈਂਸਰ ਨੂੰ ਪਹਿਲੀ ਸਟੇਜ ਤੇ ਹੀ ਫੜ ਸਕਦੇ ਹਾਂ ਅਤੇ ਕੈਂਸਰ ਦਾ ਇਲਾਜ ਵੀ ਤਾਂ ਹੀ ਸੰਭਵ ਹੈ ਜੇ ਅਸੀਂ ਇਸ ਨੂੰ ਪਹਿਲਾਂ ਫੜ ਲਈਏ।

**ਆਓ ਕੈਂਸਰ ਨੂੰ ਪਹਿਲੀ ਸਟੇਜ ਤੇ ਹੀ ਫੜਨ ਲਈ ਕੁਝ ਲੱਛਣਾਂ ਤੋਂ ਜਾਣੂ ਹੋਈਏ।**

## ਮੂੰਹ ਦਾ ਕੈਂਸਰ

ਭਾਰਤ ਵਿੱਚ ਮੂੰਹ ਦਾ ਕੈਂਸਰ ਆਮ ਹੈ ਅਤੇ ਮਰਦਾਂ ਦੇ ਕੈਂਸਰ ਦਾ ਪਹਿਲਾ ਸਥਾਨ ਹੈ। ਐਚ.ਪੀ.ਵੀ. ਵਾਇਰਸ ਅਤੇ ਤੰਬਾਕੂ ਦੀ ਵਰਤੋਂ ਕਾਰਨ ਮੂੰਹ ਦਾ ਕੈਂਸਰ ਹੁੰਦਾ ਹੈ।

### ਮੂੰਹ ਦੇ ਕੈਂਸਰ ਦੀ ਸਵੈ-ਜਾਂਚ ਕਰੀਏ

ਗਰਦਨ :- ਜਬਾੜੇ ਦੇ ਹੇਠਾਂ ਗਰਦਨ ਦੇ ਦੋਵੇਂ ਪਾਸੇ ਹੌਲੀ-ਹੌਲੀ ਦਬਾਉ ਅਤੇ ਆਪਣੀ ਗਰਦਨ ਨੂੰ ਅੱਗੇ ਵੱਲ ਝੁਕਾਉਂਦੇ ਹੋਏ ਆਪਣੀ ਖੋਪੜੀ ਦੇ ਤਲ ਨੂੰ ਮਹਿਸੂਸ ਕਰੋ।

ਗਲਾ ਅਤੇ ਗਰਦਨ :- ਅੰਗੂਠੇ ਅਤੇ ਚਾਰ ਉਂਗਲੀਆਂ ਵਿਚਕਾਰ ਗਲਫੜਿਆਂ ਨੂੰ ਫੜੋ। ਖਾਣੇ ਵਾਲੀ ਨਾਲੀ ਅਤੇ ਹਵਾ ਨਾਲੀ ਨੂੰ ਇਸ ਤਰ੍ਹਾਂ ਕਰਕੇ ਕਿਸੇ ਗੰਢ ਜਾਂ ਗਿਲਟੀ ਦਾ ਪਤਾ ਲਗਾਉ।

ਬੁੱਲ : ਬੁੱਲ ਨੂੰ ਬਾਹਰ ਖਿੱਚੋ, ਅੰਗੂਠੇ ਅਤੇ ਚਾਰ ਉਂਗਲੀਆਂ ਨਾਲ ਬੁੱਲਾਂ ਨੂੰ ਮਹਿਸੂਸ ਕਰੋ।

ਮਸੂੜੇ :- ਬੁੱਲਾਂ ਨੂੰ ਉੱਪਰ ਚੁੱਕੋ ਅਤੇ ਦੇਖੋ ਕੋਈ ਗੰਢ, ਗਿਲਟੀ ਜਾਂ ਜ਼ਖ਼ਮ ਤਾਂ ਨਹੀਂ।

ਜੀਭ :- ਜੀਭ ਨੂੰ ਬਾਹਰ ਕੱਢੋ ਅਤੇ ਦੋਵਾਂ ਪਾਸਿਆਂ ਤੇ ਦੇਖੋ ਕੋਈ ਜਖਮ ਤਾਂ ਨਹੀਂ।

ਗੱਲਾਂ :- ਸੋਜ ਨੂੰ ਦੇਖਣ ਲਈ ਚਾਰ ਉਂਗਲੀਆਂ ਅਤੇ ਅੰਗੂਠੇ ਦੀ ਵਰਤੋਂ ਨਾਲ ਗੱਲ੍ਹਾਂ ਨੂੰ ਖਿੱਚੋ।

ਮੂੰਹ ਦੀ ਛੱਤ:- ਚਾਰ ਉਂਗਲੀਆਂ ਦੀ ਵਰਤੋਂ ਕਰਦੇ ਹੋਏ ਹੌਲੀ-ਹੌਲੀ ਮੂੰਹ ਦੀ ਛੱਤ ਨੂੰ ਦਬਾਉ।

ਮੂੰਹ ਦਾ ਤਲ :- ਆਪਣੀ ਜੀਭ ਦੀ ਨੋਕ ਨੂੰ ਮੂੰਹ ਦੀ ਛੱਤ ਨਾਲ ਲਗਾਉ ਅਤੇ ਫਿਰ ਮੂੰਹ ਦੇ ਤਲ ਨੂੰ ਮਹਿਸੂਸ ਕਰੋ।

ਟਾਂਸਿਲ ਅਤੇ ਗਲਾ:- ਆਪਣੇ ਮੂੰਹ ਨੂੰ ਪੂਰਾ ਖੋਲੋ ਅਤੇ ਆਪਣੇ ਟਾਂਸਿਲ ਨੂੰ ਚੈੱਕ ਕਰੋ।

ਮੂੰਹ ਦੀ ਇਸ ਸਵੈ ਜਾਂਚ ਦੌਰਾਨ ਅਗਰ ਕੋਈ ਗੰਢ, ਗਿਲਟੀ, ਜਖਮ ਜਾਂ ਨਾ ਠੀਕ ਹੋਣ ਵਾਲਾ ਛਾਲਾ ਨਜਰ ਆਵੇ ਤਾਂ ਸਾਨੂੰ ਤੁਰੰਤ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ। ਜਾਂਚ ਲਈ ਤੁਹਾਡੇ ਸੈੱਲਾਂ ਦੀ ਬਾਇਉਪਸੀ ਅਤੇ ਮਾਈਕਰੋਸਕੋਪਿਕ ਜਾਂਚ ਹੋ ਸਕਦੀ ਹੈ।


### ਮੂੰਹ ਦੇ ਕੈਂਸਰ ਲਈ ਸਾਵਧਾਨੀਆਂ:

ਸਾਨੂੰ ਤੰਬਾਕੂ, ਬੀੜੀ ਸਿਗਰਟ ਅਤੇ ਇਸ ਤਰਾਂ ਦੀਆਂ ਹੋਰ ਵਸਤੂਆਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।

## ਪ੍ਰੋਸਟੈਟ ਕੈਂਸਰ

ਸਾਰੇ ਪੁਰਸ਼ਾਂ ਵਿੱਚ ਇੱਕ ਜਿਹੀ ਗ੍ਰੰਥੀ ਹੁੰਦੀ ਹੈ,ਜਿਸਨੂੰ ਪ੍ਰੋਸਟੈਟ ਕਿਹਾ ਜਾਂਦਾ ਹੈ। ਇਹ ਮੂਤਰ ਨਲੀ (ਮੂਤਰ ਮਾਰਗ) ਦੇ ਪਹਿਲੇ ਹਿੱਸੇ ਦੇ ਦੁਆਲੇ ਹੁੰਦਾ ਹੈ ਜੋ ਮਸਾਨੇ ਤੋਂ ਪਿਸ਼ਾਬ ਨੂੰ ਲਿੰਗ ਦੇ ਕੋਲ ਲਿਜਾਂਦੀ ਹੈ। ਪ੍ਰੋਸਟੈਟ ਦਾ ਆਕਾਰ ਅਖਰੋਟ ਜਿੰਨਾਂ ਹੁੰਦਾ ਹੈ ਅਤੇ ਉਮਰ ਦੇ ਨਾਲ ਵਧਦਾ ਜਾਂਦਾ ਹੈ।

ਪੁਰਸ਼



## ਪ੍ਰੋਸਟੈਟ ਕੈਂਸਰ ਕੀ ਹੈ?

ਪ੍ਰੋਸਟੈਟ ਕੈਂਸਰ ਪੁਰਸ਼ਾਂ ਵਿੱਚ ਹੋਣ ਵਾਲਾ ਸਭ ਤੋਂ ਆਮ ਕਿਸਮ ਦਾ ਕੈਂਸਰ ਹੈ। ਇਹ ਬਹੁਤ ਸਾਲਾਂ ਤਕ ਕਿਰਿਆਹੀਣ ਰਹਿ ਸਕਦਾ ਹੈ। ਕੁਝ ਗਿਣੇ-ਚੁਣੇ ਪੁਰਸ਼ਾਂ ਵਿੱਚ ਪ੍ਰੋਸਟੈਟ ਕੈਂਸਰ ਬਹੁਤ ਜਲਦੀ ਵਧ ਸਕਦਾ ਹੈ। ਇਹ ਸਰੀਰ ਦੇ ਹੋਰਨਾਂ ਹਿੱਸਿਆਂ, ਜਿਵੇਂ ਹਿ ਹੱਡੀਆਂ ਤੱਕ ਫੈਲ ਸਕਦਾ ਹੈ।

- ਆਰੰਭਕ(ਲੋਕਲਾਇਜਡ) ਪ੍ਰੋਸਟੈਟ ਕੈਂਸਰ : ਇਹ ਕੈਂਸਰ ਸਿਰਫ ਪ੍ਰੋਸਟੈਟ ਗ੍ਰੰਥੀ ਵਿੱਚ ਹੀ ਹੁੰਦਾ ਹੈ ਅਤੇ ਫੈਲਣਾ ਸ਼ੁਰੂ ਨਹੀਂ ਹੋਇਆ ਹੈ।
- ਲੋਕਲੀ ਐਂਡਵਾਸ ਪ੍ਰੋਸਟੈਟ ਕੈਂਸਰ:- ਪ੍ਰੋਸਟੈਟ ਕੈਂਸਰ ਗ੍ਰੰਥੀ ਦੇ ਆਸ ਪਾਸ ਦੇ ਟਿਸ਼ੂਆਂ ਵਿੱਚ ਫੈਲ ਜਾਂਦਾ ਹੈ।
- 

ਅੱਗੇ ਤੱਕ ਫੈਲਿਆ (ਮੈਟਾਸਟੈਟਿਕ) ਪ੍ਰੋਸਟੈਟ ਕੈਂਸਰ:-ਪ੍ਰੋਸਟੈਟ ਕੈਂਸਰ ਗ੍ਰੰਥੀ ਤੋਂ ਅੱਗੇ ਜਾ ਕੇ ਸਰੀਰ ਦੇ ਹੋਰਨਾਂ ਹਿੱਸਿਆਂ (ਸਭ ਤੋਂ ਪਹਿਲਾਂ ਆਮ ਕਰਕੇ ਹੱਡੀਆਂ ਵਿੱਚ ਹੁੰਦਾ ਹੈ) ਵਿੱਚ ਫੈਲ ਚੁੱਕਾ ਹੈ।ਜਿੱਥੇ ਇਸ ਨੇ ਨਵਾਂ ਟਿਊਮਰ ਬਣਾ ਲਿਆ ਹੈ। ਜਿਸ ਨੂੰ ਮੈਟਾਸਟੈਟਿਕ ਜਾਂ ਸੈਕੰਡਰੀ ਕਿਹਾ ਜਾਂਦਾ ਹੈ।

ਪ੍ਰੋਸਟੈਟ ਕੈਂਸਰ ਦੀ ਪਛਾਣ ਆਮ ਤੌਰ ਤੇ ਆਰੰਭਕ ਪੜਾਵਾਂ ਵਿੱਚ ਕਰ ਲਈ ਜਾਂਦੀ ਹੈ। ਕੁਝ ਪੁਰਸ਼ਾਂ ਵਿੱਚ ਜਦੋਂ ਇਸ ਦੀ ਪਹਿਲੀ ਵਾਰੀ ਪਛਾਣ ਕੀਤੀ ਜਾਂਦੀ ਹੈ ਤਾਂ ਇਹ ਅੱਗੇ ਤੱਕ ਫੈਲਿਆ ਹੋਇਆ ਵੀ ਹੋ ਸਕਦਾ ਹੈ।

## ਪ੍ਰੋਸਟੈਟ ਕੈਂਸਰ ਦੇ ਲੱਛਣ

ਸ਼ੁਰੂਆਤੂ ਵਿੱਚ ਪ੍ਰੋਸਟੈਟ ਕੈਂਸਰ ਦੇ ਆਮ ਤੌਰ ਤੇ ਕਿਸੇ ਤਰ੍ਹਾਂ ਦੇ ਲੱਛਣ ਨਹੀਂ ਹੁੰਦੇ।ਕੈਂਸਰ ਆਮ ਤੌਰ ਤੇ ਹੌਲੀ-ਹੌਲੀ ਵਧਦਾ ਹੈ ਅਤੇ ਹੋ ਸਕਦਾ ਹੈ ਕਿ ਤੁਹਾਨੂੰ ਕਈ ਸਾਲਾਂ ਤੱਕ ਲੱਛਣ ਨਾ ਹੋਣ।

50 ਸਾਲ ਤੋਂ ਵੱਧ ਉਮਰ ਵਾਲੇ ਪੁਰਸ਼ਾਂ ਵਿੱਚ ਬਨਾਇਨ ਪ੍ਰੋਸਟੈਟ ਹਾਈਪਰਪਲੇਸੀਆਂ (BPH) ਜਾਂ ਹਾਈਪਰਟਰਾਫੀ ਨਾਮਕ ਕੈਂਸਰ-ਰਹਿਤ ਬਿਮਾਰੀਆਂ ਕਾਰਨ ਪ੍ਰੋਸਟੈਟ ਗ੍ਰੰਥੀ ਅਕਸਰ ਵੱਡੀ ਹੋ ਜਾਂਦੀ ਹੈ।BPH ਅਤੇ ਪ੍ਰੋਸਟੈਟ ਕੈਂਸਰ ਦੇ ਲੱਛਣ ਇੱਕੋ ਤਰਾਂ ਦੇ ਹੁੰਦੇ ਹਨ ਅਤੇ ਇਹਨਾਂ ਵਿੱਚ ਸ਼ਾਮਲ ਹੈ:-

- ਪਿਸ਼ਾਬ ਕਰਨ ਵਿੱਚ ਮੁਸ਼ਕਲ ਹੋਣੀ।
- ਆਮ ਨਾਲੋਂ ਵੱਧ ਵਾਰ ਪਿਸ਼ਾਬ ਕਰਨਾ, ਖਾਸ ਤੌਰ ਤੇ ਰਾਤ ਦੇ ਸਮੇਂ।
- ਪਿਸ਼ਾਬ ਕਰਨ ਸਮੇਂ ਦਰਦ ਹੋਣਾ (ਇਹ ਆਮ ਨਹੀਂ ਹੈ)
- ਪਿਸ਼ਾਬ ਵਿੱਚ ਖੂਨ ਆਉਣਾ (ਇਹ ਆਮ ਨਹੀਂ ਹੈ)
- ਅੱਗੇ ਤੱਕ ਫੈਲੇ ਹੋਏ ਪ੍ਰੋਸਟੈਟ ਕੈਂਸਰ :- ਪ੍ਰੋਸਟੈਟ ਕੈਂਸਰ ਸਰੀਰ ਵਿੱਚ ਅਕਸਰ ਹੱਡੀਆਂ ਤੱਕ ਪਹੁੰਚ ਜਾਂਦਾ ਹੈ ਅਤੇ ਇਹ ਤਕਲੀਫਦੇਹ ਵੀ ਹੋ ਸਕਦਾ ਹੈ।

ਅੱਗੇ ਤੱਕ ਫੈਲੇ ਹੋਏ ਕੈਂਸਰ ਦੇ ਹੋਰ ਆਮ ਲੱਛਣਾ ਵਿੱਚ ਸ਼ਾਮਲ ਹੈ:-

# ਆਮ ਨਾਲੋਂ ਵੱਧ ਥਕਾਵਟ ਹੋਣੀ।

# ਆਮ ਤੌਰ ਤੇ ਬਿਮਾਰ ਮਹਿਸੂਸ ਕਰਨਾ।

# ਭੁੱਖ ਨਾ ਲੱਗਣੀ।

## ਪ੍ਰੋਸਟੈਟ ਕੈਂਸਰ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਅਗਰ ਤੁਹਾਨੂੰ ਉਪਰ ਦੱਸੇ ਲੱਛਣਾਂ ਵਿੱਚੋਂ ਕੁਝ ਲੱਛਣ ਮੇਲ ਖਾਂਦੇ ਹਨ ਅਤੇ ਤੁਹਾਡੀ ਉਮਰ 50 ਸਾਲਾਂ ਤੋਂ ਵੱਧ ਹੈ ਤਾਂ ਤੁਹਾਨੂੰ ਆਪਣੇ ਡਾਕਟਰੀ ਜਾਂਚ ਕਰਾਉਣੀ ਚਾਹੀਦੀ ਹੈ। ਉਹ ਤੁਹਾਡਾ PSA (ਪ੍ਰੋਸਟੈਟ-ਸਪੈਸਫਿਕ ਐਂਟੀਜਨ) ਖੂਨ ਦਾ ਟੈਸਟ ਕਰੇਗਾ, PSA ਇੱਕ ਪ੍ਰੋਟੀਨ ਹੈ ਜਿਸ ਨੂੰ ਪ੍ਰੋਸਟੈਟ ਦੁਆਰਾ ਤਿਆਰ ਕੀਤਾ ਜਾਂਦਾ ਹੈ।ਇਸ ਦੀ ਥੋੜੀ ਮਾਤਰਾ ਹੋਣੀ ਆਮ ਹ ਪਰ ਆਮ ਨਾਲੋਂ ਜਿਆਦਾ PSA ਪੱਧਰ ਪ੍ਰੋਸਟੈਟ ਕੈਂਸਰ ਦਾ ਕਾਰਨ ਵੀ ਹੋ ਸਕਦਾ ਹੈ। ਅਸਾਧਾਰਨਣ PSA ਵਾਲੇ ਪੁਰਸ਼ਾਂ ਨੂੰ ਅਗਲੇਰੇ ਟੈਸਟਾਂ ਲਈ ਰੈਫਰ ਕੀਤਾ ਜਾਂਦਾ ਹੈ। ਜਿੰਨਾਂ ਵਿੱਚੋਂ ਬਾਇਉਪਸੀ ਜੋ ਕਿ ਪ੍ਰੋਸਟੈਟ ਤੋਂ ਟਿਸ਼ੂ ਦੇ ਅਨੇਕਾਂ ਨਮੂਨੇ ਲੈ ਕੇ ਮਾਈਕ੍ਰੋਸਕੋਪ ਹੇਠਾਂ ਦੇਖਿਆ ਜਾਂਦਾ ਹੈ।ਪ੍ਰੋਸਟੈਟ ਕੈਂਸਰ ਦਾ ਪੱਕਾ ਹੋਣ ਤੇ ਤੁਰੰਤ ਇਲਾਜ ਕਰਨਾ ਚਾਹੀਦਾ ਹੈ।

## ਕੀ ਹਨ ਕੈਂਸਰ ਬਣਨ ਦੇ ਕਾਰਨ ਅਤੇ ਐਸਾ ਕੀ ਕਰੀਏ ਕੀ ਅਸੀਂ ਕੈਂਸਰ ਤੋਂ ਬਚ ਸਕੀਏ।

ਮਨੁੱਖੀ ਸਰੀਰ ਦੀ ਤੰਦਰੁਸਤੀ ਉਸ ਦੇ ਇਮਊਨ ਸਿਸਟਮ ਤੇ ਨਿਰਭਰ ਕਰਦੀ ਹੈ ਅਤੇ ਅਗਰ ਸਾਡਾ ਇਮਊਨ ਕਮਜੋਰ ਹੋ ਜਾਂਦਾ ਹੈ ਤਾਂ ਸਾਨੂੰ ਕਈ ਪ੍ਰਕਾਰ ਦੀਆਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਨ੍ਹਾਂ ਵਿੱਚੋਂ ਕੈਂਸਰ ਇੱਕ ਵੱਡੀ ਬਿਮਾਰੀ ਬਣ ਕੇ ਉੱਭਰਦੀ ਹੈ। ਸਾਡਾ ਇਮਊਨ ਸਿਸਟਮ ਸਾਡੇ ਖਾਣ-ਪੀਣ ਤੇ ਨਿਰਭਰ ਕਰਦਾ ਹੈ। ਇਸ ਨੂੰ ਤੰਦਰੁਸਤ ਬਨਾਉਣ ਲਈ ਸਾਨੂੰ ਹੇਠ ਲਿਖੀਆਂ ਸਾਵਧਾਨੀਆਂ ਵਰਤਨੀਆਂ ਚਾਹੀਦੀਆਂ ਹਨ।

- ਸਾਨੂੰ ਹਰ ਰੋਜ ਸਾਫ ਸੁਥਰਾ ਭੋਜਨ ਕਰਨਾ ਚਾਹੀਦਾ ਹੈ।
- ਹਰੀਆਂ ਸਬਜੀਆਂ ਦੀ ਵਰਤੋਂ ਜਿਆਦਾ ਕਰਨੀ ਚਾਹੀਦੀ ਹੈ।
- ਸਾਨੂੰ ਹਰ ਰੋਜ ਦਿਨ ਵਿੱਚ 8 ਤੋਂ 10 ਵਾਰੀ ਸਾਫ ਪਾਣੀ ਪੀਣਾ ਚਾਹੀਦਾ ਹੈ।
- ਰੋਜਾਨਾਂ ਕਸਰਤ ਜਾਂ ਸੈਰ ਕਰਨੀ ਚਾਹੀਦੀ ਹੈ।


**CANCER CARE CHARITABLE SOCIETY**

www.worldcancercare.co.in

info.worldcancercare@gmail.com

Kot Ram Dass, Opp. Surya Enclave Flyover, Amritsar Bye Pass, Jalandhar.

M: 98887-11733, 98887-11747, 98887-11799, 98887-11781


# ਕੈਂਸਰ ਦਾ ਇਲਾਜ ਹੈ, ਅਗਰ ਪਹਿਲਾਂ ਪਤਾ ਲੱਗ ਜਾਵੇ।

## ਕੈਂਸਰ ਦੇ ਲੱਛਣਾਂ ਨੂੰ ਸਮੇਂ ਸਿਰ ਪਹਿਚਾਣੋ॥



www.worldcancercare.co.in